# ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.),ਅੰਮ੍ਰਿਤਸਰ

ਮਿਤੀ: 9/5/17

ਪੱਤਰ ਨੰ:ਸਸਅ/ਆਰ.ਟੀ.ਈ/2017/ 1445

ਨਿਊ ਇੰਡੀਅਨ ਪਬਲਿਕ ਸਕੂਲ, ਪਿੰਡ ਤੇ ਡਾਕਖਾਨਾ ਬੁਤਾਲਾ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ ਨੂੰ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009 ਦੀ ਧਾਰਾ 18 ਅਤੇ ਪੰਜਾਬ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮ, 2011 ਦੇ ਨਿਯਮ 11 ਅਧੀਨ, ਨਿਰੀਖਣ ਅਧਿਕਾਰੀਆਂ ਪਾਸੋਂ ਪ੍ਰਾਪਤ ਰਿਪੋਰਟ ਦੇ ਆਧਾਰ ਤੇ ਮਾਨਯੋਗ ਡੀ.ਜੀ.ਐਸ.ਈ ਪੰਜਾਬ ਜੀ ਵਲੋਂ ਜਾਰੀ ਪੱਤਰ ਨੰ: ਡੀ.ਜੀ.ਐਸ.ਈ/ਆਰ.ਟੀ.ਈ/2016/1276-78 ਮਿਤੀ 25-01-2016 ਦੀਆਂ ਹਦਾਇਤਾਂ ਅਨੁਸਾਰ ਜਮਾਤ ਪ੍ਰੀ-ਪ੍ਰਾਇਮਰੀ ਤੋਂ ਜਮਾਤ ਅੱਠਵੀਂ ਤੱਕ ਹੇਠ ਲਿਖੀਆਂ ਸ਼ਰਤਾਂ ਸਹਿਤ ਮਾਨਤਾ ਦਿੱਤੀ ਜਾਂਦੀ ਹੈ:-

1. ਸੰਸਥਾ/ ਸਕੂਲ ਕੋਈ ਕੈਪੀਟੇਸ਼ਨ ਫੀਸ ਨਹੀ ਲਵੇਗਾ ਅਤੇ ਨਾ ਹੀ ਬੱਚੇ ਜਾਂ ਉਸ ਦੇ ਮਾਤਾ ਪਿਤਾ ਜਾਂ ਸਰਪ੍ਰਸਤ ਦੀ ਛਾਂਟੀ ਦਾ ਕੋਈ ਤਰੀਕਾ ਅਪਣਾਏਗਾ।
2. ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਜਾਂ ਜੇਕਰ ਬੱਚੇ ਵਲੋਂ ਦਾਖਲਾ ਲੈਣ ਲਈ ਬਾਅਦ ਵਿੱਚ ਵਧਾਏ ਗਏ ਸਮੇਂ ਦੌਰਾਨ ਪਹੁੰਚ ਕੀਤੀ ਜਾਂਦੀ ਹੈ ਜਾਂ ਧਰਮ/ਜਾਤੀਵਾਦ/ਜਨਮ ਸਥਾਨ ਜਾਂ ਹੋਰ ਕੋਈ ਕਾਰਨ ਕਰਕੇ ਦਾਖਲੇ ਤੋਂ ਇਨਕਾਰ ਨਹੀਂ ਕਰੇਗਾ ਅਤੇ ਐਕਟ ਦੀ ਧਾਰਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ।
3. ਸਕੂਲ ਵਲੋਂ ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਕਲਾਸ ਵਿੱਚ ਵਾਪਿਸ ਨਹੀਂ ਰੱਖਿਆ ਜਾਵੇਗਾ ਜਾਂ ਸਕੂਲ ਵਿਚੋਂ ਕੱਢਿਆ ਨਹੀਂ ਜਾਵੇਗਾ ਜਦੋਂ ਤੱਕ ਕਿ ਉਸ ਦੀ ਮੁਢਲੀ ਸਿੱਖਿਆ ਪੂਰੀ ਨਹੀਂ ਹੋ ਜਾਂਦੀ।
4. ਸਕੂਲ ਵਲੋਂ ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਦਿੱਤੀ ਜਾਵੇਗੀ।
5. ਸਕੂਲ ਵਲੋਂ ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ , ਨੂੰ ਨਿਯਮ 21 ਅਨੁਸਾਰ ਪ੍ਰਮਾਣ ਪੱਤਰ ਦਿੱਤਾ ਜਾਵੇਗਾ।
6. ਸਕੂਲ ਸਮੇਂ ਸਮੇਂ ਤੇ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਇਰ ਸੇਫਟੀ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਦੀ ਮਿਆਦ ਖ਼ਤਮ ਹੋਣ ਉਪਰੰਤ ਨਵੀਨੀਕਰਨ ਕਰਵਾਏਗਾ ਅਤੇ ਇਸ ਦੀ ਕਾਪੀ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ), ਅੰਮ੍ਰਿਤਸਰ ਵਿਖੇ ਜਮਾਂ ਕਰਵਾਏਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਕੂਲ ਵਿਰੁੱਧ ਮਾਨਤਾ ਰੱਦ ਕਰਨ ਸੰਬੰਧੀ ਆਰ.ਟੀ.ਈ ਐਕਟ ਅਤੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
7. ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਜਾਂ ਯੋਗਤਾ, ਵਿਕਾਸ ਲਈ ਹੀ ਵਰਤੇ ਜਾਣਗੇ ਅਤੇ ਇਮਾਰਤ ਅੰਦਰ ਜਾਂ ਇਸਦੇ ਬਾਹਰ ਕੋਈ ਵੀ ਗੈਰ ਮਾਨਤਾ ਜਮਾਤ ਨਹੀਂ ਚਲਾਈ ਜਾਵੇਗੀ।
8. ਅਧਿਆਪਕਾਂ ਲਈ ਇਹ ਜਰੂਰੀ ਹੈ ਕਿ ਉਹ ਧਾਰਾ 23 (1) ਅਨੁਸਾਰ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ।
9. ਸਕੂਲ ਸਿੱਖਿਆ ਵਿਭਾਗ ਵਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰੇਗਾ। ਬਾਕੀ ਸ਼ਰਤਾਂ ਪਹਿਲਾਂ ਜਾਰੀ ਕੀਤੇ ਗਏ ਆਰਜ਼ੀ ਸਰਟੀਫਿਕੇਟ ਅਨੁਸਾਰ ਹੀ ਹੋਣਗੀਆਂ। ਸਕੂਲ ਦਾ ਮਾਨਤਾ ਪ੍ਰਾਪਤ ਕੋਡ ਨੰਬਰ ਆਰ.ਟੀ.ਈ ਅੰਮ੍ਰਿਤਸਰ-01780960 ਹੋਵੇਗਾ।
10. ਸਕੂਲ/ਸੰਸਥਾ ਆਰ.ਟੀ.ਈ ਐਕਟ 2009 ਦੀਆਂ ਸਾਰੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਦਾ ਪਾਬੰਦ ਹੋਵੇਗਾ। ਜੇਕਰ ਸਕੂਲ/ਸੰਸਥਾ ਆਰ.ਟੀ.ਈ ਐਕਟ ਦੇ ਕਿਸੇ ਵੀ ਧਾਰਾ/ਨਿਯਮ ਜਾਂ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਜਾਂ ਸਕੂਲ ਵੱਲੋਂ ਕੋਈ ਜਰੂਰੀ ਤੱਥ ਛੁਪਾ ਕੇ ਜਾਂ ਗਲਤ ਤੱਥ ਦੱਸ ਕੇ ਸਕੂਲ ਦੀ ਮਾਨਤਾ ਲਈ ਜਾ ਰਹੀ ਹੈ ਤਾਂ ਸਕੂਲ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ),
ਅੰਮ੍ਰਿਤਸਰ।

ਪਿੱਠ ਅੰਕਣ ਨੰ: 67

ਮਿਤੀ:- 14/5/17

ਉਤਾਰਾ:-

1. ਮੈਨੇਜਰ / ਚੇਅਰਮੈਨ / ਪ੍ਰਧਾਨ, ਨਿਊ ਇੰਡੀਅਨ ਪਬਲਿਕ ਸਕੂਲ, ਪਿੰਡ ਤੇ ਡਾਕਖਾਨਾ ਬੁਤਾਲਾ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ ।
2. ਬਲਾਕ ਐਲੀਮੈਂਟਰੀ ਸਿੱਖਿਆ ਅਫਸਰ, ਰਈਆ -1

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ),
ਅੰਮ੍ਰਿਤਸਰ।

New Indian Public School
Authorised Signatory

President
Amritsar Public School
Educational Society, Butala

Principal
New Indian Public School (Nips)
Butala (Amritsar)

Scanned with OKEN Scanner
Scanned with OKEN Scanner